# ਈਥੈਮਬੀਊਟੌਲ(ਈ ਐਮ ਬੀ)

# Ethambutol
# (EMB)

Punjabi




## ਟੀ ਬੀ ਦੀ ਦਵਾਈ ਲੈਣ ਬਾਰੇ ਰੋਗੀ ਵਾਸਤੇ ਨਿਰਦੇਸ਼ਨ ਪੱਤਰ

ਈਥੈਮਬੀਊਟੌਲ ਕੀ ਹੈ?

ਈਥੈਮਬੀਊਟੌਲ (ਈ ਐਮ ਬੀ) ਟੀ ਬੀ ਦੇ ਇਲਾਜ ਲਈ ਇਕ ਐਂਟੀਬਾਇਟਿਕ ਦਵਾਈ ਹੈ (ਜਦੋਂ ਇਹ ਹੋਰ ਦਵਾਈਆਂ ਨਾਲ ਮਿਲਾਕੇ ਲਈ ਜਾਏ)

ਟੀ ਬੀ ਦੇ ਕੀਟਾਣੂ ਬਹੁਤ ਸਖਤਜਾਨ ਹੁੰਦੇ ਹਨ ਜਿਨ੍ਹਾਂ ਤੋਂ ਛੁਟਕਾਰਾ ਬਹੁਤ ਔਖਾ ਹੁੰਦਾ ਹੈ। ਸਾਰੇ ਟੀ ਬੀ ਰੋਗਾਣੂਆਂ ਨੂੰ ਮਾਰਨ ਲਈ ਤੁਹਾਨੂੰ ਇਹ ਦਵਾਈ 2 ਜਾਂ ਵਧ ਮਹੀਨਿਆਂ ਤੱਕ ਲੈਣੀ ਪੈ ਸਕਦੀ ਹੈ।ਇਹ ਫ਼ੈਸਲਾ ਤੁਹਾਡਾ ਡਾਕਟਰ ਕਰੇਗਾ ਕਿ ਠੀਕ ਕਿੰਨੇ ਮਹੀਨੇ ਤੁਹਾਨੂੰ ਇਹ ਦਵਾਈ ਖਾਣੀ ਪੈਣੀ ਹੈ।

## ਇਹ ਦਵਾਈ ਮੈਂ ਕਿਵੇਂ ਲਵਾਂ?

- ਇਹ ਬਹੁਤ ਮਹਤਵਪੂਰਣ ਹੈ ਕਿ ਇਹ ਦਵਾਈ ਤੁਸੀਂ ਹਰ ਰੋਜ਼ **ਜਾਂ** ਜਿਵੇਂ ਤੁਹਾਡੇ ਡਾਕਟਰ ਨੇ ਹਦਾਇਤ ਕੀਤੀ ਹੋਵੇ, ਉਸ ਅਨੁਸਾਰ ਲਵੋ।
- **ਜੇ ਤੁਸੀਂ ਇਹ ਦਵਾਈ ਖਾਣੀ ਬੰਦ ਕਰ ਦਿਓ ਤਾਂ ਆਪਣੇ** ਡਾਕਟਰ ਨੂੰ ਉਸੇ ਵੇਲੇ ਦਸੋ
- ਜੇ ਤੁਸੀਂ ਇਸਦੀ ਕੋਈ ਖੁਰਾਕ ਖੁੰਝਾ ਬੈਠੇ ਹੋਵੋ ਤਾਂ ਚੇਤੇ ਆਉਂਦਿਆਂ ਹੀ ਖਾ ਲਓ ਪਰ ਇਕੋ ਵੇਲੇ ਦੋ ਖੁਰਾਕਾਂ ਕਦੇ ਨਾ ਖਾਓ
- ਇਹ ਦਵਾਈ ਖਾਲੀ ਪੇਟ ਜਾਂ ਖਾਣੇ ਨਾਲ ਲੈ ਸਕਦੇ ਹੋ
- ਆਰ ਐਮ ਬੀ ਨੂੰ ਠੰਡੀ ਤੇ ਖੁਸ਼ਕ ਥਾਂ ਉੱਤੇ ਰਖੋ
- ਆਪਣੇ ਡਾਕਟਰ ਨੂੰ ਦਸੋ ਕਿ ਤੁਸੀਂ ਹੋਰ ਕਿਹੜੀਆਂ ਦਵਾਈਆਂ ਲੈ ਰਹੇ ਹੋ ਜਾਂ ਕਿਹੜੀ ਨਵੀਂ ਦਵਾਈ ਸ਼ੁਰੂ ਕਰ ਰਹੇ ਹੋ।

* ਡਾਕਟਰ ਦੇ ਨੁਸਖ਼ੇ ਮੁਤਾਬਕ ਇਹ ਦਵਾਈ ਤੁਸੀਂ ਦਿਨ ਵਿਚ ਇਕ ਜਾਂ ਦੋ ਵਾਰ ਲੈ ਸਕਦੇ ਹੋ।

* ਜੇ ਤੁਸੀਂ ਗਰਭਵਤੀ ਹੋ ਜਾਂ ਆਪਣਾ ਦੁਧ ਚੁੰਘਾ ਰਹੇ ਹੋ ਤਾਂ ਇਹ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਨੂੰ ਦਸੋ।

## ਅਜਿਹੇ ਕਿਹੜੇ ਲਗਵੇਂ ਅਸਰ ਹਨ ਜਿਨ੍ਹਾਂ ਤੋਂ ਮੈਂ ਸੁਚੇਤ ਰਹਾਂ?

- ਈਥੈਮਬੀਊਟੌਲ ਲੈਂਦੇ ਸਮੇਂ ਤੁਹਾਨੂੰ ਬਾਕਾਇਦਗੀ ਨਾਲ ਡਾਕਟਰ ਦੀ ਨਿਗਰਾਨੀ ਹੇਠ ਰਹਿਣਾ ਪਏਗਾ
- **ਕੁਝ ਆਮ ਲਗਵੇਂ ਅਸਰ ਹਨ:**
  - ਭੁਖ ਨਾ ਲਗਣਾ
  - ਪੇਟ ਵਿਚ ਗੜਬੜ
  - ਜਿਸਮ ਉੱਤੇ ਧੱਫੜ
- **ਜੇ ਤੁਹਾਨੂੰ ਹੇਠ ਲਿਖੇ ਵਧੇਰੇ ਗੰਭੀਰ ਲਗਵੇਂ ਅਸਰਾਂ ਵਿਚੋਂ** ਕਿਸੇ ਦੀ ਅਲਾਮਤ ਦਿਸੇ ਤਾਂ ਦਵਾਈ ਲੈਣਾ ਬੰਦ ਕਰ ਦਿਓ ਤੇ ਆਪਣੇ ਡਾਕਟਰ ਨੂੰ ਦਸੋ
  - ਈ ਐਮ ਬੀ ਤੁਹਾਡੀ ਇਕ ਜਾਂ ਦੋਹਾਂ ਅੱਖਾਂ ਦੀ ਨਜ਼ਰ ਵਿਚ ਤਬਦੀਲੀ ਲਿਆ ਸਕਦਾ ਹੈ। ਜੇ ਤੁਹਾਡੀ ਨਜ਼ਰ ਧੁੰਦਲਾ ਜਾਏ ਜਾਂ ਤੁਹਾਨੂੰ ਰੰਗ ਹੋਰ ਦੇ ਹੋਰ ਦਿਸਣ ਤਾਂ ਆਪਣੇ ਡਾਕਟਰ ਨੂੰ ਜਿੰਨੀ ਛੇਤੀ ਹੋ ਸਕੇ ਮਿਲੋ।
  - ਜੇ ਇਹ ਦਵਾਈ ਤੁਸੀਂ ਦੋ ਮਹੀਨਿਆਂ ਤੋਂ ਵਧ ਸਮੇਂ ਲਈ ਖਾਂਦੇ ਹੋ ਤਾਂ ਤੁਹਾਨੂੰ ਆਪਣੀਆਂ ਅੱਖਾਂ ਦਾ ਮੁਆਇਨਾ ਕਰਾਉਣਾ ਪਏਗਾ।

## ਟੀ ਬੀ ਦੀ ਦਵਾਈ ਲੈਣ ਬਾਰੇ ਕੁਝ ਇਸ਼ਾਰੇ

- ਦਵਾਈ ਹਰ ਰੋਜ਼ ਨਿਸਚਿਤ ਸਮੇਂ ਤੇ ਲਵੋ, ਮਿਸਾਲ ਵਜੋਂ
  - ਸੌਣ ਤੋਂ ਪਹਿਲਾਂ
  - ਜਾਗਦੇ ਸਾਰ
- ਗੋਲੀਆਂ ਦੀ ਹਫ਼ਤਾਵਾਰ ਡੱਬੀ ਰਖੋ
- ਗੋਲੀਆਂ ਖਾਣ ਸਾਰ ਕਲੰਡਰ ਤੇ ਨਿਸ਼ਾਨੀ ਲਾਓ
- ਟਬਰ ਦੇ ਜੀਆਂ ਜਾਂ ਮਿਤਰ ਨੂੰ ਚੇਤਾ ਕਰਾਉਣ ਲਈ ਕਹੋ
- ਡਾਇਰੈਕਟਲੀ ਔਬਜ਼ਰਵਡ ਥੈਰਪੀ (DOT) ਅਪਨਾਉਣ ਦਾ ਵਿਚਾਰ ਬਣਾਓ

ਜੇ ਤੁਸੀਂ ਆਪਣੀਆਂ ਦਵਾਈਆਂ ਜਾਂ ਟੀ ਬੀ ਬਾਰੇ ਕੋਈ ਪ੍ਰਸ਼ਨ ਪੁਛਣਾ ਚਾਹੋ ਤਾਂ ਆਪਣੇ ਡਾਕਟਰ ਨਾਲ ਗਲ ਕਰੋ ਜਾਂ ਟੋਰਾਂਟੋ ਪਬਲਿਕ ਹੈਲਥ ਨੂੰ **416-338-7600** ਤੇ ਫ਼ੋਨ ਕਰੋ

E-mail: **targettb@toronto.ca**

Web Site: **www.toronto.ca/health/tb_ prevention**

TORONTO Public Health




September 2011
PH1109SS212EPunj